6

# ਪੁਰਾਣੀ ਤੋਂ ਨਵੀਂ: ਸ਼ਰ੍ਹਾ ਵਿਚ ਬਦਲਾਅ

## (ਯਿਰਮਿਯਾਹ 31:31, 32)

ਬਾਈਬਲ ਦਾ ਵੱਡਾ ਅਹਿਦ ਨਵਾਂ ਨੇਮ ਹੈ। ਇਸਦੀ ਯੋਜਨਾ ਬਣਾਈ ਗਈ, ਵਾਅਦਾ ਦਿੱਤਾ ਗਿਆ, ਨਬੂਵਤਾਂ ਹੋਈਆਂ ਅਤੇ ਹੁਣ ਇਹ ਲੋਕਾਂ ਨੂੰ ਦੇ ਦਿੱਤਾ ਗਿਆ ਹੈ। ਪੁਰਾਣੇ ਨੇਮ ਵਿਚ ਨਵੇਂ ਨੇਮ ਨਾਲ ਸਬੰਧਿਤ ਕੀਤੀਆਂ ਗਈਆਂ ਭਵਿੱਖਬਾਣੀਆਂ ਮਿਲਦੀਆਂ ਹਨ ਪਰ ਉਨ੍ਹਾਂ ਵਿਚ ਮੁਕੰਮਲ ਭਵਿੱਖਬਾਣੀ ਯਿਰਮਿਯਾਹ 31:31-34 ਵਿਚਲੀ ਹੈ।

ਨਵੇਂ ਨੇਮ ਬਾਰੇ ਦੱਸਣ ਵਾਲੀਆਂ ਹੋਰ ਵੀ ਕਈ ਆਇਤਾਂ ਹਨ। ਉਦਾਹਰਣ ਲਈ, ਯਸਾਯਾਹ 55:3 ਕਹਿੰਦਾ ਹੈ:

> ''ਕੰਨ ਲਾਓ ਅਰ ਮੇਰੀ ਵੱਲ ਆਓ,
> ਸੁਣੋ ਤੇ ਤੁਹਾਡੀ ਜਾਨ ਜੀਉਂਦੀ ਰਹੇਗੀ,
> ਅਤੇ ਮੈਂ ਤੁਹਾਡੇ ਨਾਲ ਇੱਕ ਅਨੰਤ ਨੇਮ ਬੰਨ੍ਹਾਂਗਾ,
> ਅਰਥਾਤ ਦਾਊਦ ਦੀਆਂ ਸੱਚੀਆਂ ਦਿਆਲਗੀਆਂ ਦਾ।''

ਪੌਲੁਸ ਨੇ ਰਸੂਲਾਂ ਦੇ ਕੰਮ 13:34 ਵਿਚ ਇਹ ਆਇਤਾਂ ਯਿਸੂ ਲਈ ਵਰਤੀਆਂ। ਨਵੇਂ ਭਾਵ ਅਬਦੀ ਨੇਮ ਦੇ ਹੋਰ ਹਵਾਲੇ ਹਨ (ਇਬਰਾਨੀਆਂ 13:20)।

> ''ਮੈਂ ਉਨ੍ਹਾਂ ਨਾਲ ਇਕ ਸਦਾ ਦਾ ਨੇਮ ਬੰਨ੍ਹਾਂਗਾ ਅਤੇ ਮੈਂ ਉਨ੍ਹਾਂ ਦਾ ਭਲਾ ਕਰਨ ਤੋਂ ਨਾ ਹਟਾਂਗਾ ਅਤੇ ਮੈਂ ਆਪਣਾ ਭੈ ਉਨ੍ਹਾਂ ਦੇ ਦਿਲ ਵਿੱਚ ਪਾਵਾਂਗਾ ਭਈ ਓਹ ਫੇਰ ਮੈਥੋਂ ਫਿਰ ਨਾ ਜਾਣ'' (ਯਿਰਮਿਯਾਹ 32:40; ਵੇਖੋ 50:5)।

> ''ਅਤੇ ਮੈਂ ਉਨ੍ਹਾਂ ਦੇ ਨਾਲ ਸ਼ਾਂਤੀ ਦਾ ਨੇਮ ਅਰਥਾਤ ਸਦਾ ਦਾ ਨੇਮ ਬੰਨ੍ਹਾਂਗਾ ਅਤੇ ਮੈਂ ਉਨ੍ਹਾਂ ਨੂੰ ਵਸਾਵਾਂਗਾ ਅਤੇ ਉਨ੍ਹਾਂ ਨੂੰ ਵਧਾਵਾਂਗਾ ਅਤੇ ਉਨ੍ਹਾਂ ਦੇ ਵਿਚਾਰ ਆਪਣੇ ਪਵਿੱਤਰ ਅਸਥਾਨ ਨੂੰ ਸਦਾ ਲਈ ਕਾਇਮ ਕਰਾਂਗਾ'' (ਹਿਜ਼ਕੀਏਲ 37:26; 16:60-62 ਵੀ ਵੇਖੋ)।

> ''ਅਤੇ ਉਹ ਬਹੁਤਿਆਂ ਦੇ ਨਾਲ ਇਕ ਸਾਤੇ ਲਈ ਪੱਕਾ ਨੇਮ ਬੰਨ੍ਹੇਗਾ'' (ਦਾਨੀਏਲ 9:27)।

> ਵੇਖੋ, ਮੈਂ ਆਪਣੇ ਦੂਤ ਨੂੰ ਘੱਲਦਾ ਹਾਂ ਅਤੇ ਉਹ ਮੇਰੇ ਅੱਗੇ ਰਾਹ ਤਿਆਰ ਕਰੇਗਾ ਅਤੇ ਪ੍ਰਭੂ ਜਿਹ ਨੂੰ ਤੁਸੀਂ ਭਾਲਦੇ ਹੋ ਅਚਾਨਕ ਆਪਣੀ ਹੈਕਲ ਵਿਚ ਆ

ਜਾਵੇਗਾ ਹਾਂ, ਨੇਮ ਦਾ ਦੂਤ ਜਿਸ ਤੋਂ ਮੈਂ ਖੁਸ਼ ਹੋ- ਵੇਖੋ ਉਹ ਆਉਂਦਾ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ (ਮਲਾਕੀ 3:1)।

## ਪੁਰਾਣੇ ਨੇਮ ਨੂੰ ਨਜ਼ਰਅੰਦਾਜ਼ ਕੀਤਾ ਗਿਆ

ਯਿਰਮਿਯਾਹ ਨੇ ਉਦੋਂ ਭਵਿੱਖਬਾਣੀ ਕੀਤੀ ਜਦ ਇਸਰਾਏਲ ਦਾ ਪਤਨ ਹੋ ਰਿਹਾ ਸੀ। ਖ਼ੁਦਾ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਖਾਨਾਬਦੋਸ਼ ਕਬੀਲੇ ਨੂੰ ਮਿਸਰ ਵਿੱਚੋਂ ਕੱਢ ਕੇ ਕਨਾਨ ਵਿਚ ਵੱਡੀ ਕੌਮ ਬਣਾਇਆ ਸੀ। ਨਿਆਈਆਂ ਦੇ ਸਮੇਂ, ਇਸਰਾਏਲੀਆਂ ਨੇ ਖ਼ੁਦਾ ਤੋਂ ਮੂੰਹ ਮੋੜ ਲਿਆ ਸੀ ਅਤੇ ਉਸ ਸ਼ਰ੍ਹਾ ਮੁਤਾਬਕ ਨਹੀਂ ਚੱਲ ਰਹੇ ਸਨ, ਜਿਹੜੀ ਖ਼ੁਦਾ ਨੇ ਉਨ੍ਹਾਂ ਨੂੰ ਦਿੱਤੀ ਸੀ। ਇਸ ਦੇ ਉਲਟ ''ਸੱਭੋ ਮਨੁੱਖ ਜੋ ਕੁਝ ਉਨ੍ਹਾਂ ਨੂੰ ਚੰਗਾ ਲੱਗੇ ਓਹੋ ਕਰਦੇ ਸਨ'' (ਨਿਆਈਆਂ 17:6)। ਇਹ ਮੂਸਾ ਦੇ ਰਾਹੀਂ ਦਿੱਤੀ ਖ਼ੁਦਾ ਦੀ ਚਿਤਾਵਨੀ ਦੇ ਬਾਵਜੂਦ ਹੋਇਆ, ''ਤੁਸੀਂ ਕੋਈ ਅਜੇਹਾ ਕੰਮ ਨਾ ਕਰਿਓ ਜਿਵੇਂ ਅੱਜ ਅਸੀਂ ਇੱਥੇ ਕਰਦੇ ਹਾਂ। ਇੱਥੇ ਹਰ ਮਨੁੱਖ ਜੋ ਉਸ ਦੀ ਨਿਗਾਹ ਵਿੱਚ ਭਲਾ ਹੈ ਉਹੀ ਕਰਦਾ ਹੈ'' (ਵਿਵਸਥਾਸਾਰ 12:8)।

ਨਿਆਈਆਂ ਦੀ ਕਿਤਾਬ ਵਿਚ ਇਹ ਵੇਰਵਾ ਹੈ ਕਿ ਯਹੋਸ਼ੁਆ ਦੀ ਅਗਵਾਈ ਵਿਚ ਚੱਲਣ ਵਾਲੀ ਪੀੜ੍ਹੀ ਦੇ ਬਾਅਦ (ਵੇਖੋ ਨਿਆਈਆਂ 2:7) ਖ਼ੁਦਾ ਨੇ ਪਾਪੀ ਇਸਰਾਏਲ ਨਾਲ ਕਿਵੇਂ ਵਰਤਾਅ ਕੀਤਾ:

> ਅਤੇ ਜਿੱਥੇ ਕਿਤੇ ਓਹ ਬਾਹਰ ਨਿੱਕਲੇ, ਯਹੋਵਾਹ ਦਾ ਹੱਥ ਉਨ੍ਹਾਂ ਉੱਤੇ ਬੁਰਿਆਈ ਲਈ ਸੀ ਜਿੱਕਰ ਯਹੋਵਾਹ ਨੇ ਆਖਿਆ ਸੀ ਅਤੇ ਜਿੱਕਰ ਯਹੋਵਾਹ ਨੇ ਉਨ੍ਹਾਂ ਨਾਲ ਸੌਂਹ ਖਾਧੀ ਸੀ ਸੋ ਉਹ ਬਹੁਤ ਔਖੇ ਹੋਏ।
>
> ਤਦ ਯਹੋਵਾਹ ਨੇ ਨਿਆਈਆਂ ਨੂੰ ਠਹਿਰਾਇਆ ਜਿਨ੍ਹਾਂ ਨੇ ਲੁਟੇਰਿਆਂ ਦੇ ਹੱਥੋਂ ਉਨ੍ਹਾਂ ਨੂੰ ਛੁੱਡਾ ਦਿੱਤਾ। ਪਰ ਉਨ੍ਹਾਂ ਨੇ ਆਪਣੇ ਨਿਆਈਆਂ ਨੂੰ ਭੀ ਨਾ ਮੰਨਿਆ ਸਗੋਂ ਓਪਰਿਆਂ ਦਿਓਤਿਆਂ ਦੇ ਮਗਰ ਲੱਗ ਕੇ ਅਪਰਾਧੀ ਹੋਏ ਅਤੇ ਉਨ੍ਹਾਂ ਨੂੰ ਮੱਥਾ ਟੇਕਿਆ ਅਤੇ ਓਹ ਉਸ ਰਾਹੋਂ ਛੇਤੀ ਨਾਲ ਮੁੜ ਗਏ ਜਿਸ ਦੇ ਵਿੱਚ ਉਨ੍ਹਾਂ ਦੇ ਪਿਉ ਦਾਦੇ ਯਹੋਵਾਹ ਦੀ ਆਗਿਆਕਾਰੀ ਕਰਦੇ ਹੋਏ ਤੁਰਦੇ ਸਨ ਅਤੇ ਉਨ੍ਹਾਂ ਵਾਂਙੁ ਨਾ ਵਰਤੇ। ਜਦ ਯਹੋਵਾਹ ਨੇ ਉਨ੍ਹਾਂ ਲਈ ਨਿਆਈਆਂ ਨੂੰ ਠਹਿਰਾਇਆ ਤਾਂ ਯਹੋਵਾਹ ਉਨ੍ਹਾਂ ਨਿਆਈਆਂ ਦੇ ਸੰਗ ਸੀ ਅਤੇ ਜਦ ਤੀਕ ਨਿਆਈ ਜੀਉਂਦਾ ਸੀ ਉਨ੍ਹਾਂ ਦੇ ਵੈਰੀਆਂ ਦੇ ਹੱਥੋਂ ਉਨ੍ਹਾਂ ਨੂੰ ਛੁਡਾਉਂਦਾ ਰਿਹਾ ਇਸ ਲਈ ਜੋ ਯਹੋਵਾਹ ਨੇ ਉਨ੍ਹਾਂ ਦੀ ਦੁਹਾਈ ਤੋਂ ਜੋ ਦਿੰਦੇ ਸਨ ਰੰਜ ਕੀਤਾ। ਅਤੇ ਅਜਿਹਾ ਹੋਇਆ ਕਿ ਜਦ ਉਹ ਨਿਆਈ ਮਰ ਗਿਆ ਤਾਂ ਓਹ ਫੇਰ ਬੇਮੁਖ ਹੋਏ, ਅਤੇ ਓਹ ਆਪਣਿਆਂ ਪਿਉ ਦਾਦਿਆਂ ਨਾਲੋਂ ਆਪ ਵਧੀਕ ਅਪਰਾਧੀ ਬਣੇ ਇਸ ਲਈ ਜੋ ਓਹ ਓਪਰਿਆਂ ਦਿਓਤਿਆਂ ਦੀ ਪੂਜਾ ਕਰਨ ਲਈ ਉਨ੍ਹਾਂ ਦੇ ਮਗਰ ਲੱਗੇ ਅਤੇ ਉਨ੍ਹਾਂ ਦੇ ਅੱਗੇ ਮੱਥੇ ਟੇਕੇ ਅਰ ਓਹ ਆਪੋ ਆਪਣੇ ਕੰਮਾਂ ਅਰ ਆਪੋ ਆਪਣੇ ਕੁਰਾਹ ਤੋਂ ਮੁੜਦੇ ਨਹੀਂ ਸਨ। ਤਾਂ ਯਹੋਵਾਹ ਦਾ ਕ੍ਰੋਧ ਇਸਰਾਏਲ ਉੱਤੇ ਫੇਰ ਭੜਕਿਆ ਅਤੇ ਉਸਨੇ ਆਖਿਆ, ਇਸ ਲਈ ਜੋ ਇਸ ਕੌਮ ਨੇ ਮੇਰੇ ਉਸ ਨੇਮ ਨੂੰ ਜੋ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਸੀ ਤੋੜ ਸੁਟਿਆ ਅਤੇ ਮੇਰੀ ਆਗਿਆ ਨਾ ਸੁਣੀ। ਤਾਂ ਮੈਂ ਭੀ ਹੁਣ ਉਨ੍ਹਾਂ ਲੋਕਾਂ ਵਿੱਚੋਂ ਜਿਨ੍ਹਾਂ ਨੂੰ ਯਹੋਸ਼ੁਆ ਛੱਡ ਕੇ ਮਰ ਗਿਆ ਸੀ ਕਿਸੇ ਨੂੰ ਭੀ ਉਨ੍ਹਾਂ ਦੇ ਅੱਗੋਂ ਨਾ ਕੱਢਾਂਗਾ। ਭਈ ਮੈਂ ਉਨ੍ਹਾਂ ਲੋਕਾਂ ਦੇ ਰਾਹੀਂ ਇਸਰਾਏਲ ਦਾ ਪਰਤਾਵਾ ਲਵਾਂ

> ਜੋ ਯਹੋਵਾਹ ਦੇ ਰਾਹ ਉੱਤੇ ਤੁਰਨ ਲਈ ਜਿੱਕਰ ਉਨ੍ਹਾਂ ਦੇ ਪਿਉ ਦਾਦੇ ਰਾਜ਼ੀ ਹੁੰਦੇ ਸਨ ਓਹ ਰਾਜ਼ੀ ਹੋਣਗੇ ਯਾ ਨਹੀਂ (ਨਿਆਈਆਂ 2:15-22)।

ਬਿਨਿਆਮੀਨ ਦੇ ਕਬੀਲੇ 'ਚੋਂ ਸ਼ਾਊਲ ਦੇ ਬਾਦਸ਼ਾਹ ਬਣਨ ਨਾਲ ਨਿਆਈਆਂ ਦਾ ਯੁੱਗ ਖ਼ਤਮ ਹੋ ਗਿਆ। ਸ਼ਾਊਲ ਵੱਲੋਂ ਹੁਕਮ ਨਾ ਮੰਨਣ ਤੇ ਖ਼ੁਦਾ ਨੇ ਉਸਨੂੰ ਗੱਦੀਓਂ ਲਾਹ ਦਿੱਤਾ ਸੀ। ਦਾਊਦ ਦਾ ਬੇਟਾ ਸੁਲੇਮਾਨ ਜੋ ਇਸਰਾਏਲ ਤੇ ਹਕੂਮਤ ਕਰਦਾ ਸੀ ਜਦ ਪੂਰੀ ਤਾਕਤ ਵਿਚ ਸੀ ਤਾਂ ਖ਼ੁਦਾ ਤੋਂ ਫਿਰ ਗਿਆ ਕਿਉਂਕਿ ਉਸਦੀਆਂ ਪਤਨੀਆਂ ਨੇ ਉਸਨੂੰ ਮੂਰਤੀਪੂਜਾ ਵਿਚ ਲਾ ਦਿੱਤਾ। ਇਸ ਕਰਕੇ ਖ਼ੁਦਾ ਨੇ ਸੁਲੇਮਾਨ ਦੇ ਪੁੱਤਰ ਰਹਬੁਆਮ ਨੂੰ ਦੋ ਅਤੇ ਬਾਕੀ ਦਸ ਕਬੀਲੇ ਯਾਰਾਬੁਆਮ ਨੂੰ ਦਿੱਤੇ (1 ਰਾਜਿਆਂ 11:3, 4, 31)। ਉੱਤਰ ਵਾਲੇ ਦਸ ਕਬਲੇ ਇਸਰਾਏਲ ਦੇ ਰਾਜ ਅਤੇ ਦੋ ਦੱਖਣੀ ਕਬੀਲਿਆਂ ਯਹੂਦਾ ਅਤੇ ਬਿਨਿਆਮੀਨ (ਲੇਵੀਆਂ ਵੱਲੋਂ ਜੋੜੇ ਗਏ; ਵੇਖੋ 2 ਇਤਿਹਾਸ 11:14) ਯਹੂਦਾ ਦੇ ਰਾਜ ਦੇ ਰੂਪ ਵਿਚ ਮਸ਼ਹੂਰ ਹੋਏ।

ਵੱਖੋ-ਵੱਖ ਰਾਜਿਆਂ ਦੀ ਹਕੂਮਤ ਦੇ ਬਾਅਦ, ਇਸਰਾਏਲ ਭ੍ਰਿਸ਼ਟ ਹੋ ਗਿਆ। ਯਹੂਦਾ ਦੇ ਰਾਜਿਆਂ ਨੇ ਥੋੜ੍ਹੀ ਦੇਰ ਤਕ ਹੀ ਚੰਗਾ ਕੰਮ ਕੀਤਾ। ਇਸਦਾ ਇਕ ਨਤੀਜਾ ਹੇਠ ਦਿੱਤਾ ਗਿਆ ਹੈ:

> ਅਤੇ ਯਹੋਵਾਹ ਸਾਰੇ ਨਬੀਆਂ ਅਰ ਸਾਰੇ ਗੈਬ ਬੀਨਾਂ ਦੇ ਰਾਹੀਂ ਇਹ ਕਹਿ ਕੇ ਇਸਰਾਏਲ ਤੇ ਯਹੂਦਾਹ ਨੂੰ ਚਿਤਾਰਦਾ ਰਿਹਾ ਭਈ ਆਪਣਿਆਂ ਭੈੜਿਆਂ ਰਾਹਾਂ ਤੋਂ ਮੁੜੋ ਅਤੇ ਉਸ ਸਾਰੀ ਬਿਵਸਥਾ ਦੇ ਅਨਸਾਰ ਜਿਸ ਦੀ ਆਗਿਆ ਮੈਂ ਆਪਣੇ ਦਾਸਾਂ ਨਬੀਆਂ ਦੇ ਰਾਹੀਂ ਤੁਹਾਡੇ ਕੋਲ਼ ਘੱਲਿਆ ਮੇਰਿਆਂ ਹੁਕਮਾਂ ਤੇ ਬਿਧੀਆਂ ਨੂੰ ਮੰਨੋ। ਤਾਂ ਭੀ ਉਨ੍ਹਾਂ ਨੇ ਕੰਨ ਨਾ ਲਾਇਆ ਸੱਗੋਂ ਆਪਣੇ ਪਿਉ ਦਾਦਿਆਂ ਵਾਂਙੁ ਜਿਨ੍ਹਾਂ ਯਹੋਵਾਹ ਆਪਣੇ ਪਰਮੇਸ਼ੁਰ ਤੇ ਨਿਹਚਾ ਨਾ ਕੀਤੀ ਢੀਠ ਹੋ ਗਏ। ਪਰ ਉਹ ਦੀਆਂ ਬਿਧੀਆਂ ਨੂੰ ਅਤੇ ਉਹ ਦੇ ਉਸ ਨੇਮ ਨੂੰ ਜੋ ਉਸ ਨੇ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੱਧਾ ਸੀ ਅਤੇ ਉਹ ਦੀਆਂ ਸਾਖੀਆਂ ਨੂੰ ਜੋ ਉਸ ਨੇ ਉਨ੍ਹਾ ਨੂੰ ਸਮ੍ਹਾਲੀਆਂ ਸਨ ਉਨ੍ਹਾਂ ਨੇ ਰੱਦਿਆ ਅਰ ਨਿਕੰਮੀਆਂ ਵਸਤੂਆਂ ਦੇ ਪਿੱਛੇ ਲੱਗ ਕੇ ਨਿਕੰਮੇ ਹੋ ਗਏ ਅਰ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਦੇ ਪਿੱਛੇ ਲੱਗ ਗਏ ਜਿਨ੍ਹਾਂ ਦੇ ਵਿਖੇ ਯਹੋਵਾਹ ਨੇ ਉਨ੍ਹਾਂ ਨੂੰ ਪੱਕੀ ਕੀਤੀ ਸੀ ਭਈ ਉਨ੍ਹਾਂ ਵਾਂਙੁ ਕੰਮ ਨਾ ਕਰਨ। ਪਰ ਉਨ੍ਹਾਂ ਨੇ ਯਹੋਵਾਹ ਆਪਣੇ ਪਰਮੇਸ਼ੁਰ ਦਿਆਂ ਸਾਰਿਆਂ ਹੁਕਮਾਂ ਨੂੰ ਤੱਜ ਕੇ ਆਪਣੇ ਲਈ ਢਾਲੀਆਂ ਹੋਈਆਂ ਮੂਰਤਾਂ ਅਰਥਾਤ ਦੋ ਵੱਛੇ ਬਣਾਏ ਅਰ ਇਕ ਟੁੰਡ ਤਿਆਰ ਕੀਤਾ ਅਤੇ ਅਕਾਸ਼ ਦੀ ਸਾਰੀ ਸੈਨਾ ਨੂੰ ਅਤੇ ਆਪਣੇ ਪੁੱਤਰਾਂ ਅਰ ਆਪਣੀਆਂ ਧੀਆਂ ਨੂੰ ਅੱਗ ਵਿਚ ਦੀ ਲੰਘਾਇਆ ਅਤੇ ਪੁੱਛ ਪੁਆਉਣ ਤੋਂ ਤੇ ਜਾਦੂਗਰੀ ਤੋਂ ਕੰਮ ਲਿਆ ਅਰ ਆਪਣੇ ਆਪ ਉਨ੍ਹਾਂ ਕੰਮਾਂ ਲਈ ਵਿਕ ਗਏ ਜੋ ਯਹੋਵਾਹ ਦੀ ਨਿਗਾਹ ਵਿਚ ਬੁਰੇ ਸਨ ਅਤੇ ਉਹ ਦੇ ਕ੍ਰੋਧ ਨੂੰ ਭੜਕਾਇਆ। ਸੋ ਯਹੋਵਾਹ ਇਸਰਾਏਲ ਉੱਤੇ ਅੱਤ ਕ੍ਰੋਧਵਾਨ ਹੋਇਆ ਅਤੇ ਉਨ੍ਹਾਂ ਨੂੰ ਆਪਣੇ ਅੱਗਿਓਂ ਦੂਰ ਕਰ ਦਿੱਤਾ। ਯਹੂਦਾਹ ਦੇ ਗੋਤ ਤੋਂ ਬਿਨਾ ਕੋਈ ਨਾ ਛੁੱਟਿਆ (2 ਰਾਜਿਆਂ 17:13-18)।

ਕੁਝ ਹੀ ਸਾਲਾਂ ਬਾਅਦ ਯਹੂਦਾ ਵੀ ਐਨਾ ਭ੍ਰਿਸ਼ਟ ਹੋ ਗਿਆ ਕਿ ਖ਼ੁਦਾ ਨੇ ਉਸ ਨੂੰ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ। ''ਸੋ ਯਹੋਵਾਹ ਨੇ ਆਖਿਆ, ਜਿਵੇਂ ਮੈਂ ਇਸਰਾਏਲ ਨੂੰ ਪਰੇ ਹਟਾ ਦਿਆਂਗਾ ਅਤੇ ਇਸ ਸ਼ਹਿਰ ਨੂੰ ਜਿਹ ਨੂੰ ਮੈਂ ਚੁਣਿਆ ਸੀ ਅਰਥਾਤ ਯਰੂਸ਼ਲਮ ਨੂੰ ਅਰ

ਇਸ ਭਵਨ ਨੂੰ ਜਿਹ ਦੇ ਵਿਖੇ ਮੈਂ ਆਖਿਆ ਸੀ ਭਈ ਮੇਰਾ ਨਾਮ ਉੱਥੇ ਹੋਵੇਗਾ ਮੈਂ ਰੱਦਾਂਗਾ'' (2 ਰਾਜਿਆਂ 23:27)।

## ਨਵੇਂ ਨੇਮ ਦੀ ਨਬੂਵਤ ਕੀਤੀ ਗਈ

ਇਸੇ ਇਤਿਹਾਸ ਦੌਰਾਨ ਖ਼ੁਦਾ ਨੇ ਨਬੂਵਤ ਕੀਤੀ ਸੀ ਕਿ ਉਹ ਇਕ ਨਵਾਂ ਨੇਮ ਬੰਨ੍ਹੇਗਾ:

> ''ਵੇਖੋ, ਓਹ ਦਿਨ ਆ ਰਹੇ ਹਨ, ਯਹੋਵਾਹ ਦਾ ਵਾਕ ਹੈ, ਕਿ ਮੈਂ ਇਸਰਾਏਲ ਦੇ ਘਰਾਣੇ ਅਤੇ ਯਹੂਦਾਹ ਦੇ ਘਰਾਣੇ ਨਾਲ ਇਕ ਨਵਾਂ ਨੇਮ ਬੰਨ੍ਹਾਂਗਾ। ਉਸ ਨੇਮ ਵਾਂਙੁ ਨਹੀਂ ਜਿਹੜਾ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਜਿਸ ਦਿਨ ਮੈਂ ਉਨ੍ਹਾਂ ਦਾ ਹੱਥ ਫੜਿਆ ਭਈ ਉਨ੍ਹਾਂ ਨੂੰ ਮਿਸਰ ਦੇਸ ਵਿੱਚੋਂ ਬਾਹਰ ਲਿਆਵਾਂ, ਜਿਸ ਮੇਰੇ ਨੇਮ ਨੂੰ ਵਿਆਂਧੜ ਸਾਂ, ਯਹੋਵਾਹ ਦਾ ਵਾਕ ਹੈ ਇਹ ਉਹ ਨੇਮ ਹੈ ਜਿਹੜਾ ਮੈਂ ਉਨ੍ਹਾਂ ਦਿਨਾਂ ਦੇ ਪਿੱਛੋਂ ਇਯਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਰੱਖਾਂਗਾ ਅਤੇ ਉਨ੍ਹਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਓਹ ਮੇਰੀ ਪਰਜਾ ਹੋਣਗੇ। ਓਹ ਫੇਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਾਰਿਆਂ ਦੇ ਸਾਰੇ ਉਨ੍ਹਾਂ ਦੇ ਛੋਟੇ ਤੋਂ ਵੱਡੇ ਤੀਕ ਮੈਨੂੰ ਜਾਣ ਲੈਣਗੇ, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਨ੍ਹਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਨ੍ਹਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ'' (ਯਿਰਮਿਯਾਹ 31:31-34)।

ਨਵਾਂ ਨੇਮ ਉਸ ਨੇਮ ਵਰਗਾ ਨਹੀਂ ਹੋਣਾ ਸੀ ਜਿਹੜਾ ਇਸਰਾਏਲ ਅਤੇ ਯਹੂਦਾ ਨੇ ਤੋੜ ਦਿੱਤਾ ਸੀ, ਜੋ ਖ਼ੁਦਾ ਨੇ ਉਨ੍ਹਾਂ ਨੂੰ ਮਿਸਰ ਤੋਂ ਬਾਹਰ ਲਿਆਉਣ ਵੇਲੇ ਬੰਨ੍ਹਿਆ ਸੀ। ਨਵੇਂ ਨੇਮ ਦੇ ਲੇਖਕਾਂ ਨੇ ਇਸ ਹਕੀਕਤ ਨੂੰ ਕਾਇਮ ਕਰਨ ਲਈ ਕਿ ਨਵਾਂ ਨੇਮ ਖ਼ੁਦਾ ਦੀਆਂ ਯੋਜਨਾਵਾਂ ਦਾ ਇਕ ਹਿੱਸਾ ਸੀ, ਇਨ੍ਹਾਂ ਆਇਤਾਂ ਨੂੰ ਪੇਸ਼ ਕੀਤਾ (ਇਬਰਾਨੀਆਂ 8:6-13)।

ਇਹ ਭਵਿੱਖਬਾਣੀ ਜਿਸ ਨੂੰ ਖ਼ੁਦਾ ਨੇ ਯਿਰਮਿਯਾਹ ਦੇ ਰਾਹੀਂ ਪਰਗਟ ਕੀਤਾ ਇੰਨੀ ਅਹਿਮ ਹੈ ਕਿ ਸਾਨੂੰ ਇਸ ਦੀ ਹਰ ਗੱਲ ਤੇ ਬੜੇ ਹੀ ਧਿਆਨ ਨਾਲ ਵਿਚਾਰ ਕਰਨ ਦੀ ਲੋੜ ਹੈ।

1. *''ਨਵਾਂ ਨੇਮ।''* ਇਸ ਕਥਨ ਦਾ ਕਿ ਇਹ ''ਨਵਾਂ'' ਹੋਵੇਗਾ ਮਤਲਬ ਸੀ ਕਿ ਇਹੋ ਜਿਹਾ ਕੋਈ ਨੇਮ ਅਜੇ ਤਕ ਨਹੀਂ ਸੀ ਬੰਨ੍ਹਿਆ ਗਿਆ। ਇਹ ਕਿਸੇ ਹੋਰ ਨੇਮ ਦੇ ਰਾਹੀਂ ਨਹੀਂ ਬੰਨ੍ਹਿਆ ਜਾਣਾ ਸੀ ਬਲਕਿ ਇਹ ਕਿਸੇ ਵੀ ਪਿਛਲੇ ਨੇਮ ਜਾਂ ਉਸਦੇ ਵਰਗੇ ਨੇਮ ਤੋਂ ਸੁਭਾਅ ਵਿਚ ਨਵਾਂ ਅਤੇ ਫ਼ਰਕ ਹੋਣਾ ਸੀ।

2. *'' ... ਦਿਨ ਆਉਣ ਵਾਲੇ ਹਨ ਜਦ ਮੈਂ ਬੰਨ੍ਹਾਂਗਾ।''* ਨੇਮ ਦੇ ਸਬੰਧ ਵਿਚ ਇਹ ਹਕੀਕਤ ਕਿ ਖ਼ੁਦਾ ਨੇ ਕਿਹਾ ਕਿ ''ਮੈਂ ਬੰਨ੍ਹਾਂਗਾ'' ਦਾ ਅਰਥ ਹੋਣਾ ਚਾਹੀਦਾ ਹੈ ਕਿ ਇਹ ਪਹਿਲਾਂ ਨਹੀਂ ਬੰਨ੍ਹਿਆ ਗਿਆ ਬਲਕਿ ਭਵਿੱਖ ਵਿਚ ਬੰਨ੍ਹਿਆ ਜਾਣਾ ਸੀ। ਇਹ ਨੇਮ ਬੰਨ੍ਹੇ ਜਾਣ ਦੇ ਬਾਅਦ ਖ਼ੁਦਾ ਵੱਲੋਂ ਦਿੱਤੀਆਂ ਸ਼ਰਤਾਂ ਦੇ ਮੁਤਾਬਕ ਉਸਦਾ ਕੰਮ ਹੋਣਾ ਸੀ।

3. *''ਉਸ ਨੇਮ ਵਰਗਾ ਨਹੀਂ ਜੋ ਮੈਂ ਪੁਰਖਿਆਂ ਨਾਲ ਬੰਨ੍ਹਿਆ ਸੀ।''* ਨਵਾਂ ਨੇਮ ਹੋਣ ਦੇ ਕਾਰਣ ਇਹ ਕਿਸੇ ਵੀ ਪਿਛਲੇ ਕਿਸੇ ਵੀ ਨੇਮ ਤੋਂ ਖ਼ੁਦਾ ਨੇ ਬੰਨ੍ਹਿਆ ਸੀ, ਫ਼ਰਕ ਹੋਣਾ ਸੀ (ਕੂਚ 34:27, 28; ਵਿਵਸਥਾਸਾਰ 4:14; 10:1-5)।

ਖ਼ੁਦਾ ਨੇ ਕਿਹਾ ਸੀ ਕਿ ਇਹ ਨੇਮ ਉਸ ਵਰਗਾ ''ਨਹੀਂ'' ਹੋਵੇਗਾ ਜੋ ਉਸਨੇ ਮਿਸਰ ਤੋਂ

ਬਾਹਰ ਲਿਆਉਣ ਸਮੇਂ ਉਨ੍ਹਾਂ ਦੇ ਵਡੇਰਿਆਂ ਨਾਲ ਬੰਨ੍ਹਿਆ ਸੀ। ਉਸ ਨੇਮ ਦਾ ਜ਼ਿਕਰ ਕੀਤਾ ਗਿਆ ਕਿਸੇ ਦੂਜੇ ਦਾ ਕਿਉਂ ਨਹੀਂ? ਇਸਦਾ ਸਾਫ਼ ਕਾਰਣ ਇਹ ਹੈ ਕਿ ਇਸਰਾਏਲੀ ਲੋਕ ਮੰਨਦੇ ਸਨ ਕਿ ਖ਼ੁਦਾ ਨਾਲ ਉਨ੍ਹਾਂ ਦਾ ਸਬੰਧ ਉਸ ਨੇਮ ਦੇ ਕਾਰਣ ਹੀ ਮਜ਼ਬੂਤ ਬਣਿਆ ਸੀ। ਉਹ ਇਸ 'ਤੇ ਨਿਰਭਰ ਹੋਣ ਤੋਂ ਇਲਾਵਾ ਇਹਨੂੰ ਇਸ ਭਰੋਸੇ ਨਾਲ ਵੇਖਦੇ ਸਨ ਕਿ ਖ਼ੁਦਾ ਉਨ੍ਹਾਂ ਦਾ ਹੀ ਖ਼ੁਦਾ ਹੈ, ਉਨ੍ਹਾਂ ਦੇ ਨਾਲ ਹੈ ਅਤੇ ਉਨ੍ਹਾਂ ਦੀ ਰਖਵਾਲੀ ਕਰੇਗਾ। ਪਰ ਸੱਚਾਈ ਤਾਂ ਇਹ ਸੀ ਕਿ ਖ਼ੁਦਾ ਨੇ ਉਨ੍ਹਾਂ ਦੀ ਰੱਖਿਆ ਤਾਂ ਹੀ ਕਰਨੀ ਸੀ ਜੇ ਉਹ ਉਸ ਨੇਮ ਨੂੰ ਪੂਰਾ ਕਰਦੇ ਭਾਵ ਉਸਨੂੰ ਤੋੜਦੇ ਨਾ।

ਨੇਮ ਵਿਚ ਉਨ੍ਹਾਂ ਦੇ ਭਰੋਸੇ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਜੰਗ ਦੇ ਮੈਦਾਨ ਵਿਚ ਅਹਿਦ ਦਾ ਸੰਦੂਕ ਲਿਜਾਏ ਜਾਣ ਨਾਲ ਉਨ੍ਹਾਂ ਦਾ ਭਰੋਸਾ ਵਧ ਗਿਆ ਸੀ (1 ਸਮੂਏਲ 4:5) ਦੋ ਫੱਟੀਆਂ ਦੇ ਨਾਲ ਸੰਦੂਕ ਦੀ ਮੌਜੂਦਗੀ ਨਾਲ ਇਸਰਾਏਲ ਨੂੰ ਭਰੋਸਾ ਮਿਲ ਗਿਆ ਕਿ ਖ਼ੁਦਾ ਲੜਾਈ ਵਿਚ ਉਨ੍ਹਾਂ ਦੀ ਮਦਦ ਕਰੇਗਾ ਅਤੇ ਉਹ ਜਿੱਤ ਜਾਣਗੇ।

4. *''ਉਨ੍ਹਾਂ ਨੇ ਨੇਮ ਨੂੰ ਤੋੜ ਦਿੱਤਾ।''* ਦਸ ਹੁਕਮ ਅਤੇ ਹੋਰ ਕਾਨੂੰਨ ਹੀ ਉਹ ਨੇਮ ਸਨ ਜਿਸ ਨੂੰ ਦਿੱਤੇ ਜਾਣ ਦੇ ਦਿਨ ਤੋਂ ਹੀ ਇਸਰਾਏਲੀਆਂ ਨੇ ਤੋੜਿਆ ਸੀ। ਉਸਦੇ ਵੱਲੋਂ ਇਸਦਾ ਸਨਮਾਨ ਅਤੇ ਇਸ ਨੂੰ ਪੂਰਾ ਕਰਨ 'ਚ ਨਾਕਾਮ ਰਹਿਣ ਦਾ ਬਾਰ-ਬਾਰ ਜ਼ਿਕਰ ਹੋਇਆ ਹੈ। ਨਬੀਆਂ ਨੇ ਐਲਾਨ ਕੀਤਾ ਕਿ ਉਹ ਇਸਨੂੰ ਤੁੱਛ ਜਾਣਨਗੇ (ਵਿਵਸਥਾਸਾਰ 31:20) ਅਤੇ ਉਸਨੂੰ ਤੋੜਨਗੇ। ਫਿਰ ਬਾਈਬਲ ਦੇ ਵਾਕਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਉਸ ਨੂੰ ਤੋੜ ਦਿੱਤਾ (ਲੇਵੀਆਂ 26:15; ਯਸਾਯਾਹ 24:5; 33:8; ਯਿਰਮਿਯਾਹ 11:10; ਹਿਜ਼ਕੀਏਲ 16:59), ਇਸ ਨੂੰ ਛੱਡ ਦਿੱਤਾ (ਵਿਵਸਥਾਸਾਰ 29:25; 1 ਰਾਜਿਆਂ 19:10, 14), ਇਸ ਦਾ ਉਲੰਘਣ ਕੀਤਾ ( ਯਹੋਸ਼ੁਆ 7:15; ਨਿਆਈਆਂ 2:20; 2 ਰਾਜਿਆਂ 18:12; ਯਿਰਮਿਯਾਹ 34:18; ਹੋਸ਼ੇਆ 8:1) ਅਤੇ ਟਾਲ ਦਿੱਤਾ (ਵਿਵਸਥਾਸਾਰ 29:25; 1 ਰਾਜਿਆਂ 19:10, 14), ਇਸ ਨੂੰ ਨਕਾਰਿਆ (2 ਰਾਜਿਆਂ 17:15), ਇਸ ਵਿਚ ਬਣੇ ਨਾ ਰਹੇ (ਜ਼ਬੂਰ 55:20), ਇਸ 'ਤੇ ਚੱਲਣ ਤੋਂ ਨਾਂਹ ਕੀਤੀ (ਜ਼ਬੂਰ 78:10), ਇਸਦੇ ਵਫ਼ਾਦਾਰ ਨਹੀਂ ਸਨ (ਜ਼ਬੂਰ 78:37), ਅਤੇ ਉਸਨੂੰ ਤੋੜ ਦਿੱਤਾ (ਹਿਜ਼ਕੀਏਲ 44:7)। ਯਿਰਮਿਯਾਹ 31:32 ਵਿਚ ਖ਼ੁਦਾ ਨੇ ਆਖਿਆ ਕਿ ਉਹ ਨਵਾਂ ਨੇਮ ਅਰਥਾਤ ''ਸਨਾਤਨ ਨੇਮ'' (ਇਬਰਾਨੀਆਂ 3:20) ਬੰਨ੍ਹੇਗਾ ਜੋ ਉਸ ਨੇਮ ਵਰਗਾ ਨਹੀਂ ਹੋਵੇਗਾ ਜਿਸਨੂੰ ਇਸਰਾਏਲੀਆਂ ਨੇ ਤੋੜ ਦਿੱਤਾ ਸੀ।

5. *''ਉਸਨੂੰ ਉਨ੍ਹਾਂ ਦੇ ਦਿਲ ਤੇ ਲਿਖਾਂਗਾ।''* ਇਹ ਤਾਂ ਲਿਖਿਆ ਹੈ ਕਿ ਨਵਾਂ ਨੇਮ ਦਿਲ 'ਤੇ ਲਿਖਿਆ ਜਾਵੇਗਾ, ਪਰ ਕਿਵੇਂ ਲਿਖਿਆ ਜਾਵੇਗਾ, ਇਹ ਨਹੀਂ ਦੱਸਿਆ ਗਿਆ। ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਇਸ ਨੇਮ ਦੀ ਸਿੱਖਿਆ ਪਵਿੱਤਰ ਆਤਮਾ ਦੇ ਰਾਹੀਂ ਦਿਲ ਉੱਤੇ ਲਿਖੀ ਜਾਣੀ ਸੀ ਜਾਂ ਕਿਸੇ ਹੋਰ ਤਰੀਕੇ ਨਾਲ।[1]

6. *''ਸਾਰੇ ਦੇ ਸਾਰੇ ਮੇਰਾ ਗਿਆਨ ਰੱਖਣਗੇ।''* ਖ਼ੁਦਾ ਦਾ ਇਹ ਗਿਆਨ ਹਰ ਬੰਦੇ ਨੂੰ ਖ਼ੁਦਾ ਦੇ ਸੁਭਾਅ ਬਾਰੇ ਨਿੱਜੀ ਤੌਰ ਤੇ ਦੱਸ ਕੇ ਜ਼ਾਹਿਰ ਨਹੀਂ ਕੀਤਾ ਜਾਂਦਾ। ''ਉਹ ਸਾਰੇ ਮੇਰਾ ਗਿਆਨ ਰੱਖਣਗੇ'' ਆਖ ਕੇ ਖ਼ੁਦਾ ਨੇ ਆਪਣੀ ਗੱਲ ਖ਼ਤਮ ਨਹੀਂ ਕੀਤੀ ਸੀ, ਬਲਕਿ ਉਸਨੇ ਉਸ ਢੰਗ ਦੀ ਵਿਆਖਿਆ ਕਰਨ ਲਈ ਅੱਗੇ ਦੱਸਿਆ ਕਿ ਸਭ ਉਸ ਦਾ ਗਿਆਨ ਕਿਵੇਂ ਰੱਖਣਗੇ: ''ਕਿਉਂਕਿ ਮੈਂ ਉਨ੍ਹਾਂ ਦਾ ਪਾਪ ਫਿਰ ਯਾਦ ਨਾ ਕਰਾਂਗਾ।'' ''ਕਿਉਂਕਿ'' ਦੀ ਵਰਤੋਂ

ਖ਼ੁਦਾ ਦੀ ਇਸ ਵਿਆਖਿਆ ਲਈ ਕੀਤੀ ਜਾਂਦੀ ਹੈ ਕਿ ਉਸ ਦਾ ਗਿਆਨ ਕਿਵੇਂ ਰੱਖਿਆ ਜਾਵੇ। ਖ਼ੁਦਾ ਨੇ ਜਗਤ ਦੇ ਪਾਪਾਂ ਲਈ ਆਪਣੇ ਪੁੱਤਰ ਨੂੰ ਦੇ ਕੇ ਮਾਫ਼ ਕਰਨ ਵਾਲੇ ਖ਼ੁਦਾ ਦੇ ਰੂਪ ਵਿਚ ਆਪਣੀ ਸੱਚਿਆਈ ਸਾਬਿਤ ਕਰਨੀ ਸੀ। ਯਿਸੂ ਨੇ ਜੋ ਖ਼ੁਦਾ ਦਾ ਅਕਸ ਸੀ (ਕੁਲੁੱਸੀਆਂ 1:15; ਇਬਰਾਨੀਆਂ 1:2, 3) ਮਨੁੱਖ ਜਾਤੀ ਨੂੰ ਆਪਣੇ ਪਿਤਾ ਦਾ ਸੁਭਾਅ ਵਿਖਾਉਣਾ ਸੀ (ਯੂਹੰਨਾ 12:45; 14:9)।

## ਸਾਰ

ਪੁਰਾਣੇ ਨੇਮ ਵਿਚ ਨਵੇਂ ਨੇਮ ਨਾਲ ਜੁੜੀਆਂ ਨਬੂਵਤਾਂ ਤਾਂ ਮਿਲਦੀਆਂ ਹਨ ਪਰ ਨਵੇਂ ਨੇਮ ਦੀਆਂ ਸ਼ਰਤਾਂ ਉੱਥੇ ਨਹੀਂ ਮਿਲਦੀਆਂ। ਉਹ ਸ਼ਰਤਾਂ ਨਵੇਂ ਨੇਮ ਵਿਚ ਹੀ ਮਿਲਦੀਆਂ ਹਨ। ਨਵਾਂ ਨੇਮ ਉਸ ਪੁਰਾਣੇ ਨੇਮ ਵਾਂਗ ਨਹੀਂ ਹੋਣਾ ਸੀ ਜੋ ਖ਼ੁਦਾ ਨੇ ਮਿਸਰ ਤੋਂ ਬਾਹਰ ਲੈ ਜਾਣ ਵੇਲੇ ਇਸਰਾਏਲੀਆਂ ਨਾਲ ਬੰਨ੍ਹਿਆ ਸੀ। ਖ਼ੁਦਾ ਨੇ ਇਸ ਨਵੇਂ ਨੇਮ ਦੀ ਯੋਜਨਾ ਤਿਆਰ ਕੀਤੀ ਅਤੇ ਇਸਦੀ ਭਵਿੱਖਬਾਣੀ ਕੀਤੀ।

---
ਟਿੱਪਣੀ

[1]ਦਿਲ ਭਾਵ ਮਨ ਤੇ ਹੋਰ ਵਿਸਥਾਰ ਨਾਲ ਚਰਚਾ ਅੱਗੇ ਦਿੱਤੀ ਗਈ ਹੈ।